ਦਿ ਰੈਕਿਨ ਹਾਊਸਿੰਗ ਗਰੁੱਪ
ਸਰਦੀਆਂ 2019
ਟ੍ਰੱਸਟ ਟਾਕਸ

## ਸਾਡੇ ਕਿਰਾਏਦਾਰ ਕਰ ਰਹੇ ਨਿਰਮਾਣ ਇੱਕ ਨਵੇਂ ਭਵਿੱਖ ਦਾ

ਜੇ ਤੁਸੀਂ ਨਿਰਮਾਣ ਖੇਤਰ ’ਚ ਆਪਣਾ ਕਰੀਅਰ ਬਣਾਉਣ ਦੇ ਚਾਹਵਾਨ ਹੋ ਤਾਂ ਤੁਸੀਂ ਇੱਥੇ ਇੱਕ ਮੁਫ਼ਤ ਟ੍ਰੇਨਿੰਗ ਲਈ ਸਾਈਨ–ਅੱਪ ਕਰ ਸਕਦੇ ਹੋ **www.construction-ready.co.uk** @ConstructReady

**" ਇੰਝ ਜਾਪਦਾ ਹੈ ਕਿ ਜਿਵੇਂ ਅਸੀਂ ਭਵਿੱਖ ਦੇ ਮਕਾਨਾਂ ਦੀ ਉਸਾਰੀ ਕਰ ਰਹੇ ਹਾਂ।"**

**ਭਵਿੱਖ ਦੇ ਮਕਾਨਾਂ ਦੀ ਉਸਾਰੀ ਲਈ ਇੱਕ ਉਤੇਜਨਾਪੂਰਨ ਟ੍ਰੇਨਿੰਗ ਪ੍ਰੋਗਰਾਮ**

ਕਿਰਾਏਦਾਰ ਜੇਡਨ ਜੋਨਸ, ਸਿਮੋਨ ਹਿਚੇਨ ਅਤੇ ਲਿਓ ਟੌਮਕਿਨਸਨ ਮਕਾਨ ਉਸਾਰੀ ਆਪਰੇਟਿਵਜ਼ ਲਈ ਟ੍ਰੇਨੀ ਹਨ। ਜਿਹੜੇ ਮਕਾਨ ਉਹ ਤਿਆਰ ਕਰ ਰਹੇ ਹਨ ਉਹ ਉੱਚ–ਇਨਸੁਲੇਟਡ ਪੈਸਿਵਹੌਸ (Passivhaus) ਦੇ ਹਨ, ਜਿੱਥੇ ਜ਼ਿਆਦਾਤਰ ਤਪਸ਼ ਬਿਜਲਈ ਉਪਕਰਣਾਂ, ਸੂਰਜ ਦੀ ਰੌਸ਼ਨ ਤੇ ਸਰੀਰਕ ਗਰਮਾਹਟ ਤੋਂ ਆਉਂਦੀ ਹੈ – ਜਿਸ ਦਾ ਮਤਲਬ ਹੈ ਹੀਟਿੰਗ ਦੇ ਘੱਟ ਬਿੱਲ।

ਸਾਨੂੰ ਇਸ ਗੱਲ ’ਤੇ ਮਾਣ ਹੈ ਕਿ ਅਸੀਂ ਅਜਿਹੇ ਬੇਮਿਸਾਲ ਮਕਾਨਾਂ ਦੀ ਉਸਾਰੀ ਦੀ ਟ੍ਰੇਨਿੰਗ (ਸਿਖਲਾਈ) ਲੋਕਾਂ ਨੂੰ ਦੇਣ ਵਿੱਚ ਪੂਰੇ ਦੇਸ਼ ’ਚੋਂ ਅੱਵਲ ਹਾਂ – ਅਤੇ ਪਹਿਲੇ ਚਾਰ ਮਕਾਨਾਂ ਦੀ ਉਸਾਰੀ ਵੇਲਿੰਗਟਨ ਦੇ ਅਰਲੈਸਟਨ ਵਿਖੇ ਹੋਵੇਗੀ।

ਵੇਲਿੰਗਟਨ ਦੇ ਜੇਡਨ ਨੇ ਆਖਿਆ: “ਮੈਂ ਪਾਵਰ ਟੂਲ ਟ੍ਰੇਨਿੰਗ ਤੋਂ ਬਹੁਤ ਕੁਝ ਸਿੱਖਿਆ ਹੈ ਕਿ ਕਿਵੇਂ ਉਚਾਈਆਂ ’ਤੇ ਕੰਮ ਕਰਨਾ ਹੈ ਅਤੇ ਮੈਨੂੰ ਆਸ ਹੈ ਕਿ ਮੈਂ ਇਹ ਸ਼ਾਨਦਾਰ ਮਕਾਨਾਂ ਦੀ ਉਸਾਰੀ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾ ਸਕਦਾ ਹਾਂ। **ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਸੀਂ ਭਵਿੱਖ ਦੇ ਮਕਾਨਾਂ ਦੀ ਉਸਾਰੀ ਕਰ ਰਹੀਏ ਹੋਈਏ।**”

ਟ੍ਰੇਨੀਜ਼ (ਸਿਖਾਂਦਰੂਆਂ) ਨੂੰ ਇਲੈਕਟ੍ਰੀਕਲ, ਜੁਆਇਨਰੀ, ਬ੍ਰਿਕਵਰਕ, ਪਲੰਬਿੰਗ ਅਤੇ ਪੇਂਟਿੰਗ ਜਿਹੇ ਪ੍ਰਮੁੱਖ ਹੁਨਰ ਸਿਖਾਏ ਜਾਂਦੇ ਹਨ। ਸਿਮੋਨ ਕੋਈ ਨੌਕਰੀ ਲੱਭ ਰਹੇ ਸਨ ਕਿ ਜਿੱਥੇ ਉਹ ਸਕੂਲੀ ਘੰਟਿਆਂ ਦੌਰਾਨ ਫ਼ਿੱਟ ਹੋ ਸਕਣ: “ਮੈਂ ਜਾਣਦੀ ਸਾਂ ਕਿ ਮੈਨੂੰ ਸਜਾਵਟ ਕਰਨਾ ਤੇ ਬਾਗ ਵਿੱਚ ਪੌਦਿਆਂ ਦੀ ਦੇਖਭਾਲ ਕਰਨਾ ਪਸੰਦ ਹੈ ਅਤੇ ਮੈਂ ਸਕੂਲ ’ਚ ਲੱਕੜ ਦਾ ਕੰਮ ਵੀ ਕੀਤਾ ਹੈ – ਪਰ ਮੈਂ ਇਹ ਕਦੇ ਵੀ ਨਹੀਂ ਸੋਚਿਆ ਸੀ ਕਿ ਮੈਂ ਇਸ ਨੂੰ ਇੱਕ ਕਰੀਅਰ ਬਣਾ ਲਵਾਂ। **ਹੁਣ ਮੈਂ ਆਪਣੇ ਉਹ ਹੁਨਰ ਅੱਗੇ ਕਿਸੇ ਨੂੰ ਸਿਖਾਉਣਾ ਚਾਹਾਂਗੀ ਜੋ ਮੈਂ ਪਹਿਲਾਂ ਸਿੱਖੇ ਹਨ ਤੇ ਹੋਰਨਾਂ ਨੂੰ ਸਿਖਲਾਈ ਦੇਣ ਵਿੱਚ ਮਦਦ ਕਰਾਂਗੀ।**”

ਲਿਓਨ ਸੱਤ ਮਹੀਨੇ ਬੇਰੁਜ਼ਗਾਰ ਰਹਿ ਚੁੱਕੇ ਸਨ ਤੇ ਉਨ੍ਹਾਂ ਨੂੰ ਇਹ ਜਾਪਣ ਲੱਗ ਪਿਆ ਸੀ ਕਿ ਉਨ੍ਹਾਂ ਦੀ ਉਮਰ ਹੁਣ ਕਾਫ਼ੀ ਜ਼ਿਆਦਾ ਹੋ ਚੁੱਕੀ ਹੈ ਤੇ ਉਹ ਦੋਬਾਰਾ ਟ੍ਰੇਨਿੰਗ ਨਹੀਂ ਲੈ ਸਕਦੇ। “ਮੈਂ ‘ਮਾਰਚੇਜ਼ ਕੰਸਟ੍ਰੱਕਸ਼ਨ ਰੈਡੀ ਪ੍ਰੋਗਰਾਮ’ ਬਾਰੇ ਆਪਣੇ ਵਰਕ–ਕੋਚ ਤੋਂ ਸੁਣਿਆ ਸੀ। ਨਿਰਮਾਣ ਦਾ ਕੰਮ ਕਰਨ ਬਾਰੇ ਤਾਂ ਮੈਂ ਕਦੇ ਸੋਚਿਆ ਵੀ ਨਹੀਂ ਸੀ ਪਰ ਫਿਰ ਮੈਂ ਫ਼ੈਸਲਾ ਕੀਤਾ ਕਿ ਚਲੋ ਇਹੋ ਕਰਦੇ ਹਾਂ ਅਤੇ ਮੈਨੂੰ ਬਹੁਤ ਖ਼ੁਸ਼ੀ ਹੈ ਕਿ ਮੈਂ ਉਹੀ ਕੀਤਾ। ਤੁਸੀਂ ਜਦੋਂ ਕਿਸੇ ਮਕਾਨ ਦੀ ਉਸਾਰੀ ਕਰ ਹਟਦੇ ਹੋ, ਤਦ ਉਸ ਨੂੰ ਵੇਖ ਕੇ ਬਹੁਤ ਜ਼ਿਆਦਾ ਖ਼ੁਸ਼ੀ ਹੁੰਦੀ ਹੈ – **ਮਕਾਨਾਂ ਦੀ ਉਸਾਰੀ ਕਰ ਕੇ ਤੁਹਾਨੂੰ ਬਹੁਤ ਜ਼ਿਆਦਾ ਤਸੱਲੀ ਮਿਲਦੀ ਹੈ।**”

**ਕ੍ਰਿਪਾ ਕਰ ਕੇ ਨੋਟ ਕਰੋ ਕਿ ਸਾਡੇ ਦਫ਼ਤਰ ਮੰਗਲਵਾਰ 24 ਦਸੰਬਰ ਸ਼ਾਮੀਂ 5:00 ਵਜੇ ਬੰਦ ਹੋ ਜਾਣਗੇ ਅਤੇ ਫਿਰ ਵੀਰਵਾਰ 2 ਜਨਵਰੀ ਨੂੰ ਦੋਬਾਰਾ ਖੁੱਲ੍ਹਣਗੇ।** ਪਰ ਤੁਸੀਂ ਇਸ ਸਮੇਂ ਦੌਰਾਨ ਵੀ 01952 217217 ਉੱਤੇ ਕਾੱਲ ਕਰ ਕੇ ਕਿਸੇ ਵੀ ਤਰ੍ਹਾਂ ਦੀ ਮੁਰੰਮਤ ਕਰਵਾਉਣ ਬਾਰੇ ਰਿਪੋਰਟ ਕਰ ਸਕਦੇ ਹੋ। **ਦਫ਼ਤਰ ਮੰਗਲਵਾਰ 11 ਫ਼ਰਵਰੀ ਨੂੰ ਵੀ ਬੰਦ ਰਹਿਣਗੇ** ਜਦੋਂ ਅਸੀਂ ਗਰੁੱਪ ਸਟਾਫ਼ ਕਾਨਫ਼ਰੰਸ ਕਰਾਂਗੇ; ਉਸ ਦਿਨ ਅਸੀਂ ਸਿਰਫ਼ ਐਮਰਜੈਂਸੀ ਮੁਰੰਮਤਾਂ ਹੀ ਕਰਾਂਗੇ। ਮੌਸਮ ਬਹੁਤ ਜ਼ਿਆਦਾ ਖ਼ਰਾਬ ਹੋਣ ਦੀ ਹਾਲਤ ਵਿੱਚ ਅਸੀਂ ਆਪਣੀਆਂ ਸੇਵਾਵਾਂ ਰੋਕ ਸਕਦੇ ਹਾਂ ਅਤੇ ਆਪਣੇ ਵਧੇਰੇ ਖ਼ਤਰੇ ’ਚ ਕਿਰਾਏਦਾਰਾਂ ਨੂੰ ਤਰਜੀਹ ਦੇ ਸਕਦੇ ਹਾਂ।

## ਵੇਅਨੇ’ਜ਼ ਰੈਕਿਨ ਵਰਡ

‘ਟ੍ਰੱਸਟ ਟਾਕਸ’ (ਭਰੋਸਾ–ਵਾਰਤਾਵਾਂ) ਦੇ ਤਾਜ਼ਾ ਐਡੀਸ਼ਨ ’ਚ ਸੁਆਗਤ ਹੈ, ਜਿਸ ਵਿੱਚ ਸਾਡਾ 2020 ਦਾ ਕੈਲੰਡਰ ਵੀ ਸ਼ਾਮਲ ਹੈ।

‘ਟ੍ਰੱਸਟ ਟਾਕਸ’ ਦੇ ਪਿਛਲੇ ਐਡੀਸ਼ਨ ’ਚ ਮੈਂ ਗਰੁੱਪ ਚੀਫ਼ ਐਗਜ਼ੀਕਿਊਟਿਵ ਵਜੋਂ ਆਪਣੀ ਨਿਯੁਕਤੀ ਤੋਂ ਤੁਰੰਤ ਬਾਅਦ ਇਹ ਕਾਲਮ ਲਿਖਿਆ ਸੀ। ਮੈਨੂੰ ਇਸ ਭੂਮਿਕਾ ’ਚ ਕੰਮ ਕਰਦਿਆਂ ਛੇ ਮਹੀਨੇ ਹੋ ਚੁੱਕੇ ਹਨ ਅਤੇ ਮੈਂ ਕਿਰਾਏਦਾਰਾਂ ਨੂੰ ਮਿਲਣ, ਸਥਾਨਕ ਪੱਧਰ ’ਤੇ ਆਪਣੇ ਭਾਈਵਾਲਾਂ ਨੂੰ

ਮਿਲਣ ਅਤੇ ਆਪਣੀ ਮਹਾਨ ਟੀਮ ਨਾਲ ਕੰਮ ਕਰਨ ਦਾ ਆਨੰਦ ਮਾਣਦਾ ਰਿਹਾ ਹਾਂ ਅਤੇ ਅਸੀਂ ਇਸ ਦੌਰਾਨ ਲੋਕਾਂ ਦੇ ਜੀਵਨਾਂ ’ਚ ਫ਼ਰਕ ਪਾਉਣ ਲਈ ਡਾਢੇ ਜਤਨ ਕਰ ਰਹੇ ਹਾਂ।

ਮੈਂ ਤੁਹਾਡਾ ਸਭਨਾਂ ਦਾ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਹਾਲੀਆ ਸਥਾਨਕ ਮਿਆਰੀ ਸਲਾਹ–ਮਸ਼ਵਰੇ ਨੂੰ ਹੁੰਗਾਰਾ ਦਿੱਤਾ ਅਤੇ ਉਸ ਦੇ ਨਤੀਜੇ ਤੁਸੀਂ 3–5 ਪੰਨਿਆਂ ’ਤੇ ਵੇਖ ਸਕਦੇ ਹੋ। ਸਲਾਹ–ਮਸ਼ਵਰੇ ਦੌਰਾਨ ਸਾਨੂੰ ਮਿਲੀ ਫ਼ੀਡਬੈਕ ਨੇ ਸਾਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਅਸੀਂ ਚੀਜ਼ਾਂ ਕਿਵੇਂ ਕਰਨੀਆਂ ਹਨ ਤੇ ਉਸੇ ਰਾਹੀਂ ਅਸੀਂ ਸੇਵਾਵਾਂ ਦੇਣ, ਤੁਹਾਡੇ ਘਰਾਂ ’ਚ ਸਰਮਾਇਆ ਲਾਉਣ ਅਤੇ ਨਵੇਂ ਮਕਾਨਾਂ ਦੀ ਉਸਾਰੀ ਕਰਨ ਦੇ ਯੋਗ ਹੋਏ ਹਾਂ। ਅਸੀਂ ਕਾਰਪੋਰੇਟ ਰੀਫ਼ਾਈਨਾਂਸਿੰਗ ਉੱਤੇ ਕੰਮ ਕਰਦੇ ਰਹੇ ਹਾਂ ਜੋ ਪਿੱਛੇ ਜਿਹੇ ਮੁਕੰਮਲ ਹੋਇਆ ਹੈ।

ਤੁਸੀਂ ਇਹ ਨੋਟ ਕਰੋਗੇ ਕਿ ਅਸੀਂ ‘ਟ੍ਰੱਸਟ ਟਾਕਸ’ ਅਤੇ ਸਾਡੇ 2020 ਕੈਲੰਡਰ ਦੇ ਇਸ ਐਡੀਸ਼ਨ ਵਿੱਚ ਚੀਜ਼ਾਂ ਥੋੜ੍ਹੀਆਂ ਵੱਖਰੇ ਢੰਗ ਨਾਲ ਕੀਤੀਆਂ ਹਨ। ਸਭ ਤੋਂ ਪਹਿਲਾਂ ਤਾਂ, ਉਹ ਤੁਹਾਨੂੰ ਬਾਇਓਡੀਗ੍ਰੇਡੇਬਲ ਰੈਪਿੰਗ ਵਿੱਚ ਡਿਲਿਵਰ ਕੀਤੇ ਗਏ ਹਨ ਜੋ ਤੁਸੀਂ ਆਪਣੇ ਫ਼ੂਡ ਵੇਸਟ ਬਿਨ ਵਿੱਚ ਵੀ ਸੁੱਟ ਸਕਦੇ ਹੋ ਅਤੇ ਦੂਜੇ, ਸਾਡੇ ਕੈਲੰਡਰ ’ਚ ਕਲਾ ਮੁਕਾਬਲੇ (ਆਰਟ ਕੰਪੀਟੀਸ਼ਨ) ਦੀਆਂ ਜੇਤੂ ਐਂਟਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਮੈਂ ਉਸ ਹਰੇਕ ਵਿਅਕਤੀ ਦਾ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਇਸ ਮੁਕਾਬਲੇ ’ਚ ਭਾਗ ਲਿਆ, ਮੈਨੂੰ ਯਕੀਨ ਹੈ ਕਿ ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਤਿਆਰ ਹੋਇਆ ਉਤਪਾਦ ਬਹੁਤ ਹੀ ਵਧੀਆ ਵਿਖਾਈ ਦਿੰਦਾ ਹੈ।

ਮੈਂ ਤੁਹਾਨੂੰ ਸਭ ਨੂੰ ਸਾਲ 2020 ਦੀ ਮੁਬਾਰਕਬਾਦ ਦਿੰਦਾ ਹਾਂ।

**ਵੇਅਨੇ ਜੀਥਿੰਗਜ਼**

## ਸੰਪਾਦਕੀ ਟੀਮ

ਸਾਡੀ ਟੀਮ ਹਰੇਕ ਦਾ ਧੰਨਵਾਦ ਕਰਨਾ ਚਾਹੇਗੀ ਜੋ ‘ਟ੍ਰੱਸਟ ਟਾਕਸ’ ਦੇ ਇਸ ਸੰਸਕਰਣ (ਐਡੀਸ਼ਨ) ਦੀ ਤਿਆਰੀ ਵਿੱਚ ਸ਼ਾਮਲ ਰਿਹਾ ਹੈ। ਜੇ ਭਵਿੱਖ ਦੇ ਐਡੀਸ਼ਨਾਂ ਬਾਰੇ ਤੁਹਾਡੀ ਕੋਈ ਫ਼ੀਡਬੈਕ ਹੋਵੇ ਜਾਂ ਵਿਚਾਰ ਹੋਣ, ਤਾਂ ਕ੍ਰਿਪਾ ਕਰ ਕੇ ਇੱਥੇ ਈਮੇਲ ਕਰੋ
**trust.talks@wrekinhousinggroup.org.uk**

**ਸੰਪਾਦਕ**
ਕੈਥਰੀਨ ਹੋਮਜ਼

**ਕਾਪੀ–ਰਾਈਟਰਜ਼**
ਐਮੀ ਵਾਕਰ, ਕੈਥੀ ਡੌਬਸ, ਏਰਿਨ ਬੱਕਲੇ ਅਤੇ ਐਡਵਰਡ ਥਾਮਸ

**ਗ੍ਰਾਫ਼ਿਕ ਡਿਜ਼ਾਇਨਰਜ਼**
ਲੋਇਸ ਹਾਰਡਿੰਗ ਅਤੇ ਕੈਥੀ ਹੈਕੇਟ

## ਲੌਰਾ ਹਿਲਡਿਚ – ਕਿਰਾਏਦਾਰਾਂ ਦੇ ਪੈਨਲ ਦੇ ਚੇਅਰਪਰਸਨ ਤੋਂ ਤਾਜ਼ਾ ਖ਼ਬਰ

## ਕੈਲੰਡਰ 2020

ਸਾਡੇ ਕੈਲੰਡਰ ਮੁਕਾਬਲੇ ਨੂੰ ਬੇਮਿਸਾਲ ਹੁੰਗਾਰਾ ਮਿਲਿਆ ਸੀ ਤੇ 75 ਤੋਂ ਵੱਧ ਐਂਟ੍ਰੀਜ਼ ਪੁੱਜੀਆਂ ਸਨ ਅਤੇ ਮੈਨੂੰ ਐਂਟ੍ਰੀਜ਼ ਬਾਰੇ, ਕਿਰਾਏਦਾਰਾਂ ਦੇ ਪੈਨਲ ਮੈਂਬਰ ਮੋ ਐਡਵਰਡਜ਼, ਗਰੁੱਪ ਦੇ ਡਿਜ਼ਾਇਨ ਕੰਸਲਟੈਂਟ ਲੋਇਸ ਹਾਰਡਿੰਗ ਤੇ ਟੈਲਫ਼ੋਰਡ ਕਾਲਜ ਦੇ ਲੈਕਚਰਾਰਜ਼ ਜੋ ਐਡਮਜ਼ ਅਤੇ ਸਾਈਮਲ ਵਿਕਸ ਨਾਲ ਮਿਲ ਕੇ ਫ਼ੈਸਲਾ ਲੈਂਦਿਆਂ ਖ਼ੁਸ਼ੀ ਹੋਈ ਸੀ।

ਸਾਡਾ ਧੰਨਵਾਦ ਉਨ੍ਹਾਂ ਸਾਰੇ ਸਥਾਨਕ ਕਲਾਕਾਰਾਂ ਨੂੰ ਹੈ ਜਿਨ੍ਹਾਂ ਨੇ ਇਸ ਮੁਕਾਬਲੇ ’ਚ ਭਾਗ ਲਿਆ ਸੀ ਅਤੇ ਉਨ੍ਹਾਂ 12 ਨੂੰ ਮੁਬਾਰਕਾਂ ਜਿਨ੍ਹਾਂ ਦੀਆਂ ਕਲਾ–ਕ੍ਰਿਤਾਂ (ਆਰਟ ਵਰਕ) ਨੂੰ 2020 ਦੇ ਕੈਲੰਡਰ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

‘ਦਿ ਰੈਕਿਨ ਹਾਊਸਿੰਗ ਗਰੁੱਪ’ ਨੂੰ ‘ਟ੍ਰੱਸਟ ਟਾਕਸ’ ਨਾਲ ਇਸ ਕੈਲੰਡਰ ਦੀ ਇੱਕ ਕਾਪੀ ਤੁਹਾਨੂੰ ਭੇਜਦਿਆਂ ਖ਼ੁਸ਼ੀ ਮਹਿਸੂਸ ਹੁੰਦੀ ਹੈ। ਰੈਕਿਨ ਦੇ ਕਿਰਾਏਦਾਰ ਡੇਵ ਹਿਊਜ਼ ਨੂੰ ਖ਼ਾਸ ਮੁਬਾਰਕਾਂ, ਜਿਨ੍ਹਾਂ ਦੀ ਕੋਲਪੋਰਟ ਨਹਿਰ ਦੀ ਪੇਂਟਿੰਗ ਨੂੰ ਮੁੱਖ ਪੰਨੇ ’ਤੇ ਪ੍ਰਕਾਸ਼ਿਤ ਹੋਣ ਦਾ ਮਾਣ ਹਾਸਲ ਹੋਇਆ ਹੈ ਅਤੇ ਇਹ ਇਹੋ ਸਾਰੀਆਂ ਕਲਾ–ਕ੍ਰਿਤਾਂ ’ਚੋਂ ਅੱਵਲ ਵੀ ਹੈ। ਬਹੁਤ ਖ਼ੂਬ, ਡੇਵ।

ਹੁਣ ਅਸੀਂ ਕਿਰਾਏਦਾਰਾਂ ਦੇ ਪੈਨਲ, ਸਾਡੇ ਔਡਿਟ ਗਰੁੱਪ ਅਤੇ ਐਸ਼ਯੋਰੈਂਸ ਪੈਨਲ ਵਿੱਚ ਨਵੇਂ ਮੈਂਬਰ ਸ਼ਾਮਲ ਕਰਨਾ ਚਾਹ ਰਹੇ ਹਾਂ। ਜੇ ਤੁਸੀਂ ਕੋਈ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ **01952 217181** ’ਤੇ ਜਾਂ ਇਸ ਈਮੇਲ ਰਾਹੀਂ ਸੰਪਰਕ ਕਰੋ
**getinvolved@wrekinhousinggroup.org.uk**

## ਸਾਡੀ ਫ਼ਾਇਰ ਸੇਫ਼ਟੀ ਟੀਮ ਦਾ ਵਿਸਥਾਰ ਹੋਇਆ

**ਹੁਣ ਸਾਡੇ ਕੋਲ ਅੱਠ ਵਿਅਕਤੀ ਹਨ, ਜਿਨ੍ਹਾਂ ਵਿੱਚ ਦੋ ਟ੍ਰੇਡਜ਼ ਟੀਮਾਂ ਹਨ ਜੋ ਫ਼ਾਇਰ ਸੇਫ਼ਟੀ (ਅੱਗ ਤੋਂ ਸੁਰੱਖਿਆ) ਤੇ ਕੋਈ ਸ਼ਿਕਾਇਤ ਆਉਣ 'ਤੇ ਮੁਰੰਮਤ ਕਰਦੀਆਂ ਹਨ। ਫ਼ਾਇਰ ਕਾਗਰੀ ਲੀਡ ਇੰਜੀਨੀਅਰ ਫ਼ਿਲ ਰਾਓਲੇਸ ਅਤੇ ਪੂਰੀ ਟੀਮ ਅੱਗ ਤੋਂ ਅਤੇ ਇਮਾਰਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੱਖੋ–ਵੱਖਰੀਆਂ ਡਿਊਟੀਆਂ ਨਿਭਾਉਂਦੀ ਹੈ ਅਤੇ ਜੋ ਕੁਝ ਵੀ ਅਸੀਂ ਕਰਦੇ ਹਾਂ, ਉਨ੍ਹਾਂ 'ਚੋਂ ਇਹ ਮੁੱਖ ਹੈ।**

### ਸਾਡੇ ਸੇਫ਼ਟੀ ਮੈਨੇਜਰ ਐਡੀ ਲੌਕੀਅਰ ਨੇ ਦੱਸਿਆ ਕਿ ਉਹ ਕੀ ਕਰਦੇ ਹਨ

"ਜੋ ਕੁਝ ਵੀ ਅਸੀਂ ਕਰਦੇ ਹਾਂ, ਉਨ੍ਹਾਂ ਵਿੱਚੋਂ ਖ਼ਤਰੇ ਦੇ ਮੁਲਾਂਕਣ ਸਭ ਤੋਂ ਵੱਧ ਅਹਿਮ ਹਨ। ਅਸੀਂ ਇੱਕ ਸਾਲ ਵਿੱਚ 360 ਤੋਂ ਵੱਧ ਅਜਿਹੇ ਮੁਲਾਂਕਣ ਕਰਦੇ ਹਾਂ: ਸਾਡੇ ਫ਼ਲੈਟਾਂ, ਅਪਾਰਟਮੈਂਟ ਬਲਾਕਸ ਅਤੇ ਹੋਰ ਕਿਤੇ ਵੀ ਕਿਸੇ ਸਾਂਝੀ ਜਾਂ ਆਪਸ 'ਚ ਸ਼ੇਅਰ ਕੀਤੀ ਜਾਣ ਵਾਲੀ ਥਾਂ 'ਤੇ ਰੋਜ਼ਾਨਾ ਅਸੀਂ ਇਹੋ ਕਰਦੇ ਹਾਂ। ਅਸੀਂ ਅਨੇਕ ਮੁੱਖ ਨੁਕਤਿਆਂ ਦਾ ਮੁਲਾਂਕਣ ਕਰਦੇ ਹਾਂ, ਜਿਨ੍ਹਾਂ ਵਿੱਚ ਫ਼ਾਇਰ ਡੋਰਜ਼, ਇਮਾਰਤ ਦੀ ਉਸਾਰੀ, ਫ਼ਾਇਰ ਡਿਟੈਕਸ਼ਨ ਸਿਸਟਮਜ਼ ਅਤੇ ਇਵੈਕੁਏਸ਼ਨ ਕਾਰਜ–ਵਿਧੀਆਂ ਦੀ ਚੈਕਿੰਗ ਸ਼ਾਮਲ ਹੈ। ਇਹ ਅਹਿਮ ਹੈ ਕਿ ਹਰੇਕ ਚੀਜ਼ ਦਾ ਰੱਖ–ਰਖਾਅ ਵਧੀਆ ਤਰੀਕੇ ਕੀਤਾ ਜਾਵੇ। ਜੇ ਸਾਨੂੰ ਕੋਈ ਸਮੱਸਿਆ ਵਿਖਾਈ ਦਿੰਦੀ ਹੈ, ਤਾਂ ਸਾਡੇ ਟ੍ਰੇਡਜ਼ ਉਸ ਦੀ ਤੁਰੰਤ ਮੁਰੰਮਤ ਕਰ ਦਿੰਦੇ ਹਨ। ਸਾਡੀਆਂ ਇਮਾਰਤਾਂ 'ਚ ਗਾਹਕਾਂ ਦੀ ਸੁਰੱਖਿਆ ਸਾਡੀ ਤਰਜੀਹ ਹੈ ਅਤੇ ਅਸੀਂ ਇਹ ਸਭ ਸਹੀ ਤਰੀਕੇ ਨਾਲ ਕਰਨ ਲਈ ਫ਼ਾਇਰ ਐਂਡ ਰੈਸਕਿਊ ਸਰਵਿਸੇਜ਼, ਸਾਡੀਆਂ ਵਿਆਪਕ ਟ੍ਰੇਡਜ਼ ਟੀਮਾਂ, ਜੋਖਮ ਦੇ ਮੁਲਾਂਕਣਕਰਤਾਵਾਂ ਤੇ ਗਾਹਕਾਂ ਨਾਲ ਮਿਲ ਕੇ ਕੰਮ ਕਰਦੇ ਹਾਂ। ਅੱਗ ਤੋਂ ਸੁਰੱਖਿਆ ਨੂੰ ਯਕੀਨੀ ਬਣਾਉਣ 'ਚ ਹਰੇਕ ਦੀ ਆਪਣੀ ਭੂਮਿਕਾ ਹੁੰਦੀ ਹੈ।"

ਅੱਗ ਅਤੇ ਧੂੰਆਂ ਦੋਵੇਂ ਮਾਰ ਸਕਦੇ ਹਨ। ਇਹ ਅਹਿਮ ਹੈ ਕਿ ਹਰੇਕ ਵਿਅਕਤੀ ਅੱਗ ਬਾਰੇ ਜਾਗਰੂਕ ਹੈ। ਧੂੰਏਂ ਵਾਲੇ ਅਲਾਰਮਾਂ ਨੂੰ ਨਿਯਮਤ ਤੌਰ 'ਤੇ ਟੈਸਟ ਕਰਨਾ, ਤੁਹਾਡੇ ਬਚਾਅ ਦੇ ਰੂਟ ਦੀ ਯੋਜਨਾਬੰਦੀ, ਰਾਤ ਨੂੰ ਦਰਵਾਜ਼ੇ ਬੰਦ ਕਰਨਾ ਅਤੇ ਦਰਵਾਜ਼ੇ ਤੇ ਹਾੱਲਵੇਅਜ਼ ਸਾਫ਼ ਰੱਖਣੇ ਯਕੀਨੀ ਬਣਾ ਕੇ ਤੁਹਾਨੂੰ ਘਰ ਵਿੱਚ ਸੁਰੱਖਿਅਤ ਰਹਿਣ 'ਚ ਮਦਦ ਮਿਲ ਸਕਦੀ ਹੈ।

ਸਾਨੂੰ ਉਸ ਹਾਲਤ 'ਚ ਤੁਰੰਤ ਦੱਸੋ ਜੇ ਤੁਹਾਨੂੰ ਕਿਤੇ ਵੀ ਅਜਿਹਾ ਕੋਈ ਖ਼ਤਰਾ ਦਿਸੇ ਕਿ ਇਸ ਨਾਲ ਅੱਗ ਲੱਗ ਸਕਦੀ ਹੈ, ਜਿਵੇਂ ਫ਼ਾਇਰ ਦਰਵਾਜ਼ਿਆਂ ਨੂੰ ਕੋਈ ਨੁਕਸਾਨ ਹੋਇਆ ਹੋਵੇ, ਹਾੱਲਵੇਅਜ਼ ਬੰਦ ਪਏ ਹੋਣ ਜਾਂ ਸਾਂਝੀਆਂ ਥਾਵਾਂ ਜਾਂ ਲਾਂਘਿਆਂ 'ਚ ਕੋਈ ਵਸਤਾਂ ਰੱਖੀਆਂ ਹੋਣ। ਜੇ ਤੁਹਾਨੂੰ ਅੱਗ ਬਾਰੇ ਕੋਈ ਚਿੰਤਾਵਾਂ ਹੋਣ ਅਤੇ ਇਹ ਜਾਣਕਾਰੀ ਲੈਣੀ ਹੋਵੇ ਕਿ ਤੁਸੀਂ ਆਪਣਾ ਘਰ ਸੁਰੱਖਿਅਤ ਕਿਵੇਂ ਰੱਖਣਾ ਹੈ ਤਾਂ **01952 217221** 'ਤੇ ਜਾਂ **FireSafety@wrekinhousinggroup.org.uk** ਰਾਹੀਂ ਫ਼ਾਇਰ ਸੇਫ਼ਟੀ ਟੀਮ ਨਾਲ ਸੰਪਰਕ ਕਰੋ

## ਸਾਡੇ ਖੇਤਰ 'ਚ ਅੱਗ ਲੱਗਣ ਦਾ ਸਭ ਤੋਂ ਵੱਡਾ ਕਾਰਨ ਬਿਜਲੀ ਦੇ ਉਪਕਰਣ ਹੁੰਦੇ ਹਨ, ਇਸ ਲਈ ਸਾਡੇ ਮੌਸਮੀ ਸੁਰੱਖਿਆ ਨੁਕਤੇ ਜ਼ਰੂਰ ਧਿਆਨ ਨਾਲ ਪੜ੍ਹੋ।

- **ਮੋਮਬੱਤੀਆਂ ਬਾਲ਼ਦੇ ਸਮੇਂ ਬਹੁਤ ਧਿਆਨ ਰੱਖੋ**
- **ਸੌਣ ਤੋਂ ਪਹਿਲਾਂ ਆਪਣੀਆਂ ਕ੍ਰਿਸਮਸ ਲਾਈਟਾਂ ਬੰਦ ਕਰ ਦੇਵੋ**
- **ਪਲੱਗ ਦੀਆਂ ਸਾਕੇਟਸ ਨੂੰ ਓਵਰਲੋਡ ਨਾ ਕਰੋ**
- **ਸੌਂਦੇ ਸਮੇਂ ਟੰਬਲ ਡ੍ਰਾਇਰਜ਼ ਅਤੇ ਵਾਸ਼ਿੰਗ ਮਸ਼ੀਨਾਂ ਸਵਿੱਚ–ਆੱਫ਼ ਕਰ ਦੇਵੋ**
- **ਇਹ ਯਕੀਨੀ ਬਣਾਓ ਕਿ ਸਜਾਵਟਾਂ ਕਦੇ ਲਾਈਟਾਂ ਜਾਂ ਹੀਟਰਾਂ ਦੇ ਨੇੜੇ ਨਾ ਹੋਣ**

## ਦਿ ਰੈਕਿਨ ਹਾਊਸਿੰਗ ਗਰੁੱਪ ਟੇਨੈਂਟਸ' ਚਾਰਟਰ

ਤੁਹਾਡਾ ਹਰੇਕ ਦਾ ਧੰਨਵਾਦ ਜਿਨ੍ਹਾਂ ਨੇ ਸਾਡੇ ਨਵੇਂ 'ਟੇਨੈਂਟਸ ਦੇ ਚਾਰਟਰ' ਬਾਰੇ ਹਾਲੀਆ ਸਲਾਹ–ਮਸ਼ਵਰੇ ਨੂੰ ਹੁੰਗਾਰਾ ਦੇਣ ਲਈ ਸਮਾਂ ਕੱਢਿਆ; ਸਾਡੇ ਇਸ ਕਿਰਾਏਦਾਰਾਂ ਦੇ ਚਾਰਟਰ ਵਿੱਚ 'ਕਿਰਾਏਦਾਰਾਂ ਨਾਲ ਮਿਲ ਕੇ ਕੀਤੀਆਂ ਜਾਣ ਵਾਲੀਆਂ ਪ੍ਰਤੀਬੱਧਤਾਵਾਂ', ਸੋਧੇ 'ਸਥਾਨਕ ਮਿਆਰ' ਅਤੇ ਨਿਵਾਸੀ ਦੀ ਸ਼ਮੂਲੀਅਤ ਦਾ ਢਾਂਚਾ ਸ਼ਾਮਲ ਹਨ। ਸਾਨੂੰ 700 ਤੋਂ ਵੱਧ ਕਿਰਾਏਦਾਰਾਂ ਤੋਂ ਬਹੁਤ ਭਰਵਾਂ ਹੁੰਗਾਰਾ ਮਿਲਿਆ ਜਿਨ੍ਹਾਂ ਸਾਨੂੰ ਦੱਸਿਆ ਕਿ ਉਹ ਕੀ ਸੋਚਦੇ ਹਨ।

'ਚਾਰਟਰ' ਅਤੇ ਸੋਧੇ 'ਸਥਾਨਕ ਮਿਆਰਾਂ (97.3%) ਵਿੱਚ ਬਹੁਤ ਮਦਦ ਮਿਲੀ ਸੀ ਅਤੇ ਸ਼ਬਦਾਂ ਵਿੱਚ ਥੋੜ੍ਹੀਆਂ ਤਬਦੀਲੀਆਂ ਕਰਨ ਦੇ ਸਿਰਫ਼ ਕੁ ਸੁਝਾਅ ਆਏ ਸਨ, ਜਿਨ੍ਹਾਂ 'ਤੇ ਹੁਣ ਅਮਲ ਕਰ ਦਿੱਤਾ ਗਿਆ ਹੈ। **ਅੰਤਿਮ 'ਰੈਕਿਨ ਟੇਨੈਂਟਸ' ਚਾਰਟਰ' ਅਗਲੇ ਦੋ ਪੰਨਿਆਂ 'ਤੇ ਹੈ।**

ਤੁਹਾਡੇ ਵਿੱਚੋਂ 98% ਨੇ ਸਾਨੂੰ ਦੱਸਿਆ ਕਿ ਤੁਸੀਂ ਇਸ ਗੱਲ ਤੋਂ ਖੁਸ਼ ਸੀ ਕਿ ਅਸੀਂ ਇਸ ਵੇਲੇ ਕਿਵੇਂ ਤੁਹਾਨੂੰ ਨਿਵਾਸੀਆਂ ਵਜੋਂ ਸ਼ਾਮਲ ਕੀਤਾ, ਤਾਂ ਜੋ ਅਸੀਂ ਭਵਿੱਖ 'ਚ ਇਸ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰ ਸਕੀਏ।

**£100 ਦੇ ਸ਼ਾਪਿੰਗ ਵਾਊਚਰਜ਼ ਲਈ ਚਾਰ ਖੁਸ਼ਕਿਸਮਤ ਜੇਤੂ ਰੈਂਡਮ-ਤਰੀਕੇ ਚੁਣੇ ਗਏ ਸਨ, ਉਨ੍ਹਾਂ ਦੇ ਨਾਂਅ ਇਹ ਹਨ:**

ਕਲੇਅਰ ਪਾਸੀ ਨਿਵਾਸੀ ਸ਼੍ਰਯੂਸਬਰੀ, ਡੇਵਿਡ ਪੁਲਾਨ ਨਿਵਾਸੀ ਨਿਊਪੋਰਟ, ਸ਼੍ਰੀਮਤੀ ਅਤੇ ਸ਼੍ਰੀ ਟਿੱਬਲੈਟਸ ਨਿਵਾਸੀ ਟੈਲਫ਼ੋਰਡ ਸਥਿਤ ਡਾਅਲੇ ਅਤੇ ਸ਼੍ਰੀਮਤੀ ਬੀ. ਹਿਰਡ ਨਿਵਾਸੀ ਟੈਲਫ਼ੋਰਡ ਸਥਿਤ ਲੀਗੋਮੇਰੀ

## ਦਿ ਰੈਕਿਨ ਹਾਊਸਿੰਗ ਗਰੁੱਪ ਟੇਨੈਂਟਸ' ਚਾਰਟਰ

## ਸਬੰਧ

ਅਸੀਂ ਸਾਰੇ ਕਿਰਾਏਦਾਰਾਂ ਤੇ ਨਿਵਾਸੀਆਂ ਨਾਲ ਹਰੇਕ ਤਰ੍ਹਾਂ ਦੀ ਗੱਲਬਾਤ ਸਮੇਂ ਪੂਰਾ ਇੱਜ਼ਤ-ਮਾਣ ਰੱਖਾਂਗੇ। ਕਿਰਾਏਦਾਰਾਂ ਤੇ ਨਿਵਾਸੀਆਂ ਨਾਲ ਸਾਡੇ ਸਬੰਧ ਬਹੁਤ ਖੁੱਲ੍ਹੇ, ਈਮਾਨਦਾਰਾਨਾ ਤੇ ਪਾਰਦਰਸ਼ੀ ਹੋਣਗੇ।

**ਸਾਡੇ ਕੰਮ ਦੇ ਸਥਾਨਕ ਸੇਵਾ ਮਿਆਰ:**

1. ਅਸੀਂ ਤੁਹਾਡੇ ਨਾਲ ਸਮਾਨਤਾ ਤੇ ਸਤਿਕਾਰ ਨਾਲ ਵਿਵਹਾਰ ਕਰਾਂਗੇ।
2. ਅਸੀਂ ਆਪਣੀਆਂ ਪ੍ਰਮੁੱਖ ਆਪਰੇਸ਼ਨਲ ਨੀਤੀਆਂ ਤੇ ਪ੍ਰਮੁੱਖ ਕਾਰਗੁਜ਼ਾਰੀ ਆਪਣੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕਰਾਂਗੇ ਅਤੇ ਤਿਮਾਹੀ ਆਧਾਰ 'ਤੇ ਉਨ੍ਹਾਂ ਨੂੰ ਅਪਡੇਟ ਕਰਾਂਗੇ।
3. ਸਾਡਾ ਉਦੇਸ਼ ਇੱਕ ਅਧਿਕਾਰਤ ਬੇਨਤੀ ਦੇ ਇੱਕ ਕੈਲੰਡਰ ਮਹੀਨੇ ਅੰਦਰ 'ਸਬਜੈਕਟ ਅਕਸੈੱਸ ਰੀਕੁਐਸਟਸ' (ਵਿਸ਼ਾ ਪਹੁੰਚ ਬੇਨਤੀਆਂ) ਨੂੰ ਮੁਕੰਮਲ ਕਰਨਾ ਹੈ।

## ਸੰਚਾਰ

ਕਿਰਾਏਦਾਰਾਂ ਤੇ ਨਿਵਾਸੀਆਂ ਨਾਲ ਸਬੰਧਤ ਮਾਮਲਿਆਂ ਤੇ ਮੁੱਦਿਆਂ; ਜਿਵੇਂ ਉਨ੍ਹਾਂ ਦੇ ਘਰਾਂ ਤੇ ਸਥਾਨਕ ਭਾਈਚਾਰੇ ਬਾਰੇ ਅਹਿਮ ਜਾਣਕਾਰੀ ਉਨ੍ਹਾਂ ਨੂੰ ਸਪੱਸ਼ਟ, ਪਹੁੰਚਯੋਗ ਤੇ ਸਮੇਂ-ਸਿਰ ਮਿਲੇਗੀ ਕਿ ਅਸੀਂ ਸਮੱਸਿਆਵਾਂ ਹੱਲ ਕਰਨ ਲਈ ਕੰਮ ਕਰ ਰਹੇ ਹਾਂ, ਅਸੀਂ ਕਿਵੇਂ ਕੰਮ ਕਰ ਰਹੇ ਹਾਂ ਤੇ ਪ੍ਰਮੁੱਖ ਮਾਮਲਿਆਂ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਵੀ ਦੇਵਾਂਗੇ।

4. ਤੁਹਾਨੂੰ ਕਈ ਤਰ੍ਹਾਂ ਪ੍ਰਭਾਵਿਤ ਕਰ ਸਕਣ ਵਾਲੀਆਂ ਚੀਜ਼ਾਂ ਬਾਰੇ ਤੁਹਾਨੂੰ ਅਸੀਂ ਪੂਰੀ ਜਾਣਕਾਰੀ ਦੇਵਾਂਗੇ।
5. ਅਸੀਂ ਨਿਵਾਸੀਆਂ ਦਾ ਐਗਰੀਮੈਂਟ ਬਿਲਕੁਲ ਅਪ ਟੂ ਡੇਟ ਰੱਖਾਂਗੇ ਤੇ ਤੁਹਾਨੂੰ ਨਿਯਮਤ ਰੂਪ ਵਿੱਚ ਸੂਚਿਤ ਕਰਦੇ ਰਹਾਂਗੇ ਕਿ ਤੁਸੀਂ ਇਸ ਸਭ ਵਿੱਚ ਕਿਵੇਂ ਸ਼ਮੂਲੀਅਤ ਕਰ ਸਕਦੇ ਹੋ।
6. ਅਸੀਂ ਤੁਹਾਡੇ ਨਾਲ ਇੰਝ ਸੰਚਾਰ ਕਰਾਂਗੇ ਕਿ ਜੋ ਸਮਝਣਾ ਵੀ ਸੁਖਾਲ਼ਾ ਹੋਵੇਗਾ ਤੇ ਤੁਹਾਡੀਆਂ ਜ਼ਰੂਰਤਾਂ ਵੀ ਪੂਰੀਆਂ ਹੋਣਗੀਆਂ – ਉਦਾਹਰਣ ਵਜੋਂ:
    - ਵੱਡਾ ਪ੍ਰਿੰਟ ਜਾਂ ਆੱਡੀਓ;
    - ਸਾਡੀ ਵੈੱਬਸਾਈਟ 'ਤੇ ਇੱਕ ਅਨੁਵਾਦ ਸੇਵਾ ਦੀ ਵਰਤੋਂ;
    - ਨਿਜੀ ਸੰਪਰਕ ਲਈ ਲੈਂਗੁਏਜ ਲਾਈਨ; ਜਾਂ
    - ਕੋਈ ਵੀ ਹੋਰ ਵਿਧੀ ਜੋ ਲੋੜੀਂਦੀ ਤੇ ਵਾਜਬ ਹੈ।

## ਆਵਾਜ਼ ਤੇ ਪ੍ਰਭਾਵ

ਕਿਰਾਏਦਾਰਾਂ ਤੇ ਨਿਵਾਸੀਆਂ ਦੇ ਵਿਚਾਰ ਲਏ ਜਾਣਗੇ ਤੇ ਉਨ੍ਹਾਂ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਇਸ ਜਾਣਕਾਰੀ ਦੀ ਵਰਤੋਂ ਫ਼ੈਸਲਿਆਂ ਦੀ ਜਾਣਕਾਰੀ ਦੇਣ ਲਈ ਕੀਤੀ ਜਾਵੇਗੀ। ਹਰੇਕ ਵਿਅਕਤੀਗਤ ਕਿਰਾਏਦਾਰ ਤੇ ਨਿਵਾਸੀ ਦੀ ਹਰ ਗੱਲ ਉਨ੍ਹਾਂ ਨਾਲ ਸਬੰਧਤ ਹਰੇਕ ਮਾਮਲੇ ਬਾਰੇ ਸਾਡੇ ਵੱਲੋਂ ਸੁਣੀ ਜਾਵੇਗੀ ਅਤੇ ਉਹ ਬਿਨਾ ਕਿਸੇ ਡਰ ਦੇ ਬੋਲ ਸਕਣਗੇ।

7. ਜੋ ਕੁਝ ਵੀ ਤੁਸੀਂ ਦੱਸੋਗੇ ਅਸੀਂ ਸੁਣਾਂਗੇ ਅਤੇ ਸ਼ਿਕਾਇਤਾਂ ਤੇ ਹੋਰ ਫ਼ੀਡਬੈਕ ਤੋਂ ਸਿੱਖ ਕੇ ਆਪਣੀਆਂ ਸੇਵਾਵਾਂ ਵਿੱਚ ਸੁਧਾਰ ਲਿਆਵਾਂਗੇ ਅਤੇ ਇਹ ਵੀ ਜਾਣਕਾਰੀ ਦੇਵਾਂਗੇ ਕਿ ਨਤੀਜੇ ਵਜੋਂ ਕੀ ਤਬਦੀਲੀ ਆਈ ਹੈ।

8. ਅਸੀਂ ਤੁਹਾਡੇ ਤੋਂ ਪੁੱਛਾਂਗੇ ਕਿ ਕੀ ਤੁਸੀਂ ਸਾਡੇ ਵੱਲੋਂ ਮੁਹੱਈਆ ਕਰਵਾਏ ਗਏ ਸੇਵਾ–ਮਿਆਰ ਤੋਂ ਖ਼ੁਸ਼ ਹੋ ਅਤੇ ਸੰਤੁਸ਼ਟੀ ਦੇ ਪੱਧਰ ਪ੍ਰਕਾਸ਼ਿਤ ਕਰਾਂਗੇ।

9. ਅਸੀਂ ਨਿਮਨਲਿਖਤ ਨਾਲ ਸਬੰਧਤ ਸਪੈਸੀਫ਼ਿਕੇਸ਼ਨ, ਠੇਕੇਦਾਰਾਂ ਦੀ ਚੋਣ ਤੇ ਠੇਕਿਆਂ ਦੀ ਨਿਗਰਾਨੀ ਵਿੱਚ ਗਾਹਕ–ਪ੍ਰਤੀਨਿਧ ਸ਼ਾਮਲ ਕਰਾਂਗੇ:

- ਫ਼ਲੈਟਸ ਦੇ ਬਲਾੱਕਸ, ਰਿਟਾਇਰਮੈਂਟ ਲਿਵਿੰਗ/ਸ਼ੇਅਰ–ਲਿਵਿੰਗ ਸਕੀਮਜ਼ ਸਮੇਤ ਸਾਂਝੀ ਥਾਂ ਦੀ ਸਫ਼ਾਈ ਤੇ ਮੈਦਾਨਾਂ ਦੇ ਰੱਖ–ਰਖਾਅ ਲਈ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ; ਅਤੇ
- ਵਿਅਕਤੀਗਤ ਘਰਾਂ ਵਿੱਚ ਸੁਧਾਰ, ਜਿਵੇਂ ਕਿ ਨਵੇਂ ਰਸੋਈਘਰ/ਗੁਸਲਖਾਨੇ ਲਈ ਠੇਕੇ

10. ਤੁਹਾਡੀ ਸ਼ਮੂਲੀਅਤ ਹੋਵੇ ਤੇ ਤੁਹਾਡੀ ਗੱਲ ਸ਼ਮੂਲੀਅਤ ਦੇ ਪਹਿਲਾਂ ਤੋਂ ਸਹਿਮਤ ਹੋਏ ਮੇਨਯੂ ਮੁਤਾਬਕ ਵਿਅਕਤੀਗਤ ਤੌਰ ’ਤੇ ਅਤੇ ਸਮੂਹਕ ਤੌਰ ’ਤੇ ਸੁਣੀ ਜਾਵੇ; ਅਸੀਂ ਇਸ ਨੂੰ ਹਰ ਸੰਭਵ ਹੱਦ ਤੱਕ ਆਸਾਨ ਬਣਾ ਦੇਵਾਂਗੇ।

## ਜਵਾਬਦੇਹੀ

ਕਿਰਾਏਦਾਰ ਤੇ ਨਿਵਾਸੀ ਸਮੂਹਕ ਤੌਰ ’ਤੇ ਸਾਡੇ ਨਾਲ ਮਿਲ ਕੇ ਆਜ਼ਾਦਾਨਾ ਢੰਗ ਨਾਲ ਜਾਂਚ–ਪੜਤਾਲ ਕਰਨ ਲਈ ਕੰਮ ਕਰਨਗੇ ਅਤੇ ਫਿਰ ਸਾਨੂੰ ਸਾਡੇ ਵੱਲੋਂ ਪ੍ਰਦਾਨ ਕੀਤੇ ਜਾਣ ਵਾਲੇ ਮਕਾਨਾਂ ਤੇ ਸੇਵਾਵਾਂ ਅਤੇ ਘਰਾਂ ਤੇ ਸੇਵਾਵਾਂ ਦੇ ਮਿਆਰ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲੇ ਲੈਣ ਦੇਣਗੇ।

11. ਜੇ ਤੁਸੀਂ ‘ਦਿ ਰੈਕਿਨ ਹਾਊਸਿੰਗ ਗਰੁੱਪ’ ਦੇ ਕੰਮ ਵਿੱਚ ਸ਼ਾਮਲ ਹੋਣ ਦੇ ਇੱਛੁਕ ਹੋ, ਤਾਂ ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਕ ਮਦਦ, ਅਗਵਾਈ ਤੇ ਸਿਖਲਾਈ ਦੇਵਾਂਗੇ।

12. ਅਸੀਂ ਆਪਣੇ ‘ਗਾਹਕ ਸ਼ਮੂਲੀਅਤ ਤਾਣੇ–ਬਾਣੇ’ (ਕਸਟਮਰ ਇੰਗੇਜਮੈਂਟ ਫ਼ਰੇਮਵਰਕ) ਲਈ ਸਹਿਮਤ ਹੋਵਾਂਗੇ ਤੇ ਉਸ ਨੂੰ ਕਾਇਮ ਰੱਖਾਂਗੇ, ਜਿਸ ਦਾ ਸਿਖ਼ਰ, ਬੋਰਡ ਵਿੱਚ ਗਾਹਕਾਂ ਦੀ ਸਿੱਧੀ ਨੁਮਾਇੰਦਗੀ ਤੱਕ ਹੁੰਦਾ ਹੈ। ਇਹ ਗਾਹਕ ‘ਦਿ ਰੈਕਿਨ ਹਾਊਸਿੰਗ ਗਰੁੱਪ’ ਨੂੰ ਜਵਾਬਦੇਹ ਬਣਾਉਂਦੇ ਹਨ।

## ਮਿਆਰ

ਕਿਰਾਏਦਾਰਾਂ ਤੇ ਨਿਵਾਸੀਆਂ ਨੂੰ ਇਹੋ ਆਸ ਹੁੰਦੀ ਹੈ ਕਿ ਉਨ੍ਹਾਂ ਦੇ ਮਕਾਨ ਵਧੀਆ ਮਿਆਰੀ ਹੋਣ, ਵਧੀਆ ਢੰਗ ਨਾਲ ਉਨ੍ਹਾਂ ਦਾ ਰੱਖ–ਰਖਾਅ ਹੋਵੇ, ਉਹ ਸੁਰੱਖਿਅਤ ਹੋਣ ਅਤੇ ਉਨ੍ਹਾਂ ਦਾ ਪ੍ਰਬੰਧ ਹਰ ਪੱਖੋਂ ਵਧੀਆ ਤਰੀਕੇ ਵੇਖਿਆ ਜਾਵੇ।

13. ਅਸੀਂ ਇੱਕ ਟਿਕਾਊ ਢੰਗ ਨਾਲ ਆਪਣੇ ਘਰ ਉਨ੍ਹਾਂ ਬਿਨੈਕਾਰਾਂ ਨੂੰ ਕਿਰਾਏ ’ਤੇ ਦੇਵਾਂਗੇ, ਜੋ ਕਿਰਾਏਦਾਰ ਵਜੋਂ ਤੁਰੰਤ ਆ ਕੇ ਰਹਿਣ ਲਈ ਤਿਆਰ ਹਨ।
14. ਅਸੀਂ ਪ੍ਰਮੁੱਖ ਆਪਰੇਸ਼ਨਲ ਸੇਵਾਵਾਂ ਲਈ ਸੇਵਾ–ਮਿਆਰਾਂ ਦਾ ਇੱਕ ਸੈੱਟ ਵਿਕਸਤ ਕਰਾਂਗੇ ਅਤੇ ਉਨ੍ਹਾਂ ਸੇਵਾ–ਮਿਆਰਾਂ ਦੀ ਪਾਲਣਾ ਕਰਾਂਗੇ।
15. ਅਸੀਂ ਸਰਕਾਰ ਦੇ ‘ਡੀਸੈਂਟ ਹੋਮਜ਼ ਸਟੈਂਡਰਡ’ ਵੱਲੋਂ ਤੈਅ ਕੀਤੇ ਮਿਆਰਾਂ ਦੇ ਮੁਕਾਬਲੇ ਇੱਕ ਉਚੇਰੇ ਪੱਧਰ ਜਾਂ ਬਰਾਬਰ ਦੇ ਮਿਆਰ ਤੱਕ ਘਰਾਂ ਵਿੱਚ ਸੁਧਾਰ ਲਿਆਵਾਂਗੇ
16. ਸਾਡਾ ਮੰਤਵ ਇਹੋ ਰਹੇਗਾ ਕਿ ਸਾਰੀਆਂ ਮੁਰੰਮਤਾਂ ਉਸੇ ਦਿਨ ਮੁਕੰਮਲ ਹੋ ਜਾਣ, ਜਿਸ ਦਿਨ ਉਹ ਰਿਪੋਰਟ ਕੀਤੀਆਂ ਜਾਂਦੀਆਂ ਹਨ ਜਾਂ ਗੱਲਬਾਤ ਤੋਂ ਬਾਅਦ ਜਿਹੜਾ ਵੀ ਸਮਾਂ ਤੈਅ ਹੋਵੇ, ਉਸ ਸਮੇਂ ਤੱਕ ਉਹ ਠੀਕ ਹੋਣ ਪਰ ਜੇ ਸਾਨੂੰ ਇਹ ਪੱਕਾ ਹੋ ਜਾਵੇ ਕਿ ਇੱਕ ਹੰਗਾਮੀ (ਐਮਰਜੈਂਸੀ) ਹਾਲਤ ਵਿੱਚ ਮੁਰੰਮਤ ਲੋੜੀਂਦੀ ਹੈ ਤਾਂ ਅਸੀਂ ਉਸ ਨੂੰ ਦੋ ਘੰਟਿਆਂ ਦੇ ਅੰਦਰ ਠੀਕ ਕਰਾਂਗੇ।
17. ਸਾਡਾ ਉਦੇਸ਼ ਰਹੇਗਾ ਕਿ ਪਹਿਲੀ ਮੁਰੰਮਤ ਕਰਨ ’ਤੇ ਅਸੀਂ ਤੁਹਾਡੇ ਵਿਚਾਰ ਜਾਣੀਏ ਕਿ ਕੀ ਅਸੀਂ ਉਹ ਠੀਕ ਤਰੀਕੇ ਕਰ ਸਕੇ ਹਾਂ ਤੇ ਕਾਰਗੁਜ਼ਾਰੀ ’ਤੇ ਰਿਪੋਰਟ ਚਾਹਾਂਗੇ।
18. ਅਸੀਂ ਗਾਹਕ ਦੀ ਅਗਵਾਈ ਹੇਠਲੀ ਰੀ–ਲੈੱਟ ਪ੍ਰਕਿਰਿਆ ਪ੍ਰਦਾਨ ਕਰਾਂਗੇ, ਜਿਸ ਵਿੱਚ ਇੱਕ ਸਹਿਮਤੀ ਨਾਲ ਰੀ–ਲੈੱਟ ਸਟੈਂਡਰਡ ’ਤੇ ਆਧਾਰਤ ਐਕੰਪਨੀਡ ਵਿਊਇੰਗ ਸ਼ਾਮਲ ਹੈ, ਜਿਸ ਵਿੱਚ ਗਾਹਕ ਘਰ ਵਿੱਚ ਕੀਤੇ ਜਾਣ ਵਾਲੇ ਹੋਰ ਕੋਈ ਕੰਮ ਕਰਵਾ ਸਕਦੇ ਹਨ।

19. ਅਸੀਂ ਸਾਡੀਆਂ ਸੰਪਤੀਆਂ ਦੇ ਸਾਂਝੇ ਭਾਗਾਂ ਦਾ ਸਮੇਂ–ਸਮੇਂ ਸਿਰ ਸਹਿਮਤੀ ਨਾਲ ਵਕਫ਼ਿਆਂ ਉੱਤੇ ਨਿਰੀਖਣ ਕਰਵਾਵਾਂਗੇ; ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਕਿਸੇ ਖ਼ਤਰੇ ਤੋਂ ਮੁਕਤ ਹੋਣ, ਉੱਥੋਂ ਦੇ ਇਲਾਕੇ ਤੰਦਰੁਸਤ ਤੇ ਸੁਰੱਖਿਅਤ ਰਹਿਣ, ਜੇ ਅਚਾਨਕ ਅਜਿਹੀ ਕਿਸੇ ਜ਼ਰੂਰਤ ਦਾ ਪਤਾ ਲੱਗੇ, ਤਾਂ ਉਸੇ ਦਿਨ ਉਸ ਲਈ ਕਾਰਵਾਈ ਹੋਵੇਗੀ।

20. ਅਸੀਂ ਟੈਲਫ਼ੋਰਡ ਅਤੇ ਰੈਕਿਨ ਕੌਂਸਲ ਕਮਿਊਨਿਟੀ ਸੇਫ਼ਟੀ ਟੀਮ ਨਾਲ ਮਿਲ ਕੇ ਇੱਕ ਕਮਿਊਨਿਟੀ ਸਪੋਰਟ ਆਫ਼ੀਸਰ ਨੂੰ ਫ਼ੰਡ ਦੇਵਾਂਗੇ, ਜੋ ਟੈਲਫ਼ੋਰਡ ’ਚ ‘ਦਿ ਰੈਕਿਨ ਹਾਊਸਿੰਗ ਗਰੁੱਪ ਦੀਆਂ ਐਸਟੇਟਸ ਲਈ ਕੰਮ ਕਰਨ ਵਾਸਤੇ ਮਨੋਨੀਤ ਹੋਵੇਗਾ।’

21. ਅਸੀਂ ‘ਦਿ ਰੈਕਿਨ ਹਾਊਸਿੰਗ ਗਰੁੱਪ’ ਦੇ ਕਰਾਏਦਾਰਾਂ ਤੇ ਨਿਵਾਸੀਆਂ ਲਈ ਸਮਾਜ–ਵਿਰੋਧੀ ਵਿਵਹਾਰ ਜਾਂ ਗੁਆਂਢ ’ਚ ਲੜਾਈ ਝਗੜੇ ਦੀ ਹਾਲਤ ਵਿੱਚ ਇੱਕ ਮੁਫ਼ਤ ਵਿਚੋਲਗੀ ਸੇਵਾ ਪ੍ਰਦਾਨ ਕਰਾਂਗੇ।

22. ਸਾਡੇ ਆਲੇ–ਦੁਆਲੇ ਸਮਾਜ–ਵਿਰੋਧੀ ਵਿਵਹਾਰ (ASB) ਨਾਲ ਨਿਪਟਣ ਲਈ ਇੱਕ ਪਾਰਟਨਰਸ਼ਿਪ ਪਹੁੰਚ ਵਜੋਂ ‘ਦਿ ਟੈਲਫ਼ੋਰਡ ਕਮਿਊਨਿਟੀ ਸੇਫ਼ਟੀ ਐਂਟੀ–ਸੋਸ਼ਲ ਬੀਹੇਵੀਅਰ (ASB)’ਟੀਮ ਦੇ ਸਟਾਫ਼ ਦਾ ਇੱਕ ਮੈਂਬਰ ਦੂਜੇ ਨੰਬਰ ’ਤੇ ਰੱਖਾਂਗੇ।

## ਜਦੋਂ ਚੀਜ਼ਾਂ ਗ਼ਲਤ ਹੋ ਜਾਣ

ਕਿਰਾਏਦਾਰਾਂ ਤੇ ਨਿਵਾਸੀਆਂ ਨੂੰ ਮੁੱਦੇ ਉਠਾਉਣ, ਸ਼ਿਕਾਇਤਾਂ ਕਰਨ ਤੇ ਉਨ੍ਹਾਂ ਦੇ ਹੱਲ ਲਈ ਸਰਲ ਤੇ ਪਹੁੰਚਯੋਗ ਰਾਹ ਮਿਲਣਗੇ। ਕਿਰਾਏਦਾਰਾਂ ਤੇ ਨਿਵਾਸੀਆਂ ਨੂੰ ਉਸ ਹਾਲਤ ਵਿੱਚ ਸਮੇਂ ਸਿਰ ਸਲਾਹ ਤੇ ਮਦਦ ਮਿਲੇਗੀ ਜਦੋਂ ਵੀ ਕਦੇ ਕੋਈ ਚੀਜ਼ਾਂ ਗ਼ਲਤ ਹੋ ਜਾਣ।

23. ਅਸੀਂ ਸ਼ਿਕਾਇਤਾਂ ਲਈ ਇੱਕ ਸੇਵਾ ਮੁਹੱਈਆ ਕਰਾਵਾਂਗੇ ਜੋ ਸ਼ਿਕਾਇਤਾਂ ਨੂੰ ਨਿਆਂਪੂਰਨ ਢੰਗ ਨਾਲ ਨਿਬੇੜੇਗੀ ਤੇ ਜੋ ਛੇਤੀ ਇੱਕ ਹੱਲ ਲੱਭਣ ’ਤੇ ਕੇਂਦ੍ਰਿਤ ਰਹੇਗੀ, ਉਸ ਦਾ ਉਦੇਸ਼ ਪੰਜ ਕੰਮ–ਕਾਜੀ ਦਿਨਾਂ ਦੌਰਾਨ ਪੂਰਾ ਹੁੰਗਾਰਾ ਦੇਣਾ ਹੋਵੇਗਾ ਤੇ ਜੇ ਅਸੀਂ ਉਹ ਹੱਲ ਨਹੀਂ ਕਰ ਸਕਦੇ ਹੋਵਾਂਗੇ ਤਦ ਵੀ ਉਸ ਬਾਰੇ ਤੁਹਾਨੂੰ ਸੂਚਿਤ ਕੀਤਾ ਜਾਵੇਗਾ।

24. ਅਸੀਂ ਕੰਮ–ਕਾਜੀ ਸਮੇਂ ਤੋਂ ਬਾਅਦ ਮੁਰੰਮਤਾਂ ਦੇ ਨਾਲ–ਨਾਲ ਮਕਾਨਾਂ ਨਾਲ ਸਬੰਧਤ ਕਿਸੇ ਤਰ੍ਹਾਂ ਦੇ ਹੰਗਾਮੀ ਹਾਲਾਤ ਲਈ ਐਮਰਜੈਂਸੀ ਸੇਵਾ ਮੁਹੱਈਆ ਕਰਾਵਾਂਗੇ

25. ਅਸੀਂ ਆਪਣੀਆਂ ਸੇਵਾਵਾਂ ਹਰ ਸੰਭਵ ਹੱਦ ਤੱਕ ਸਰਲਤਾ ਨਾਲ ਤੁਹਾਡੇ ਤੱਕ ਪੁੱਜਦੀਆਂ ਕਰਾਂਗੇ:
   - ਵਿਅਕਤੀਗਤ ਤੌਰ ’ਤੇ ਸਥਾਨਕ ਦਫ਼ਤਰਾਂ ਜਾਂ ਤੁਹਾਡੇ ਘਰ ’ਚ ਨਿਜੀ ਫੇਰੀਆਂ ਰਾਹੀਂ।
   - ਟੈਲੀਫ਼ੋਨ ਦੁਆਰਾ, ਸਾਡੇ ਸੰਪਰਕ ਕੇਂਦਰ ਰਾਹੀਂ ਸਵੇਰੇ 8 ਵਜੇ ਤੋਂ – ਰਾਤੀਂ 8 ਵਜੇ ਤੱਕ, ਹਫ਼ਤੇ ਦੇ ਸਾਰੇ 7 ਦਿਨ ਜਾਂ ਕੰਮ–ਕਾਜੀ ਘੰਟਿਆਂ ਤੋਂ ਬਾਅਦ ਐਮਰਜੈਂਸੀ ਕਾੱਲ ਲਾਈਨ; ਅਤੇ
   - ਡਿਜੀਟਲੀ, ਇੱਕ ਇੰਟਰ–ਐਕਟਿਵ ਵੈੱਬਸਾਈਟ ਅਤੇ ਇੱਕ ਐਪ ਰਾਹੀਂ ਜਿਸ ਦੀ ਵਰਤੋਂ ਤੁਸੀਂ ਆਪਣੇ ਮੋਬਾਇਲ ਫ਼ੋਨ ’ਤੇ ਕਰ ਸਕੋ।

26. ਜੇ ਤੁਸੀਂ ਕਿਸੇ ਭੁਗਤਾਨਾਂ ਤੋਂ ਖੁੰਝ ਰਹੇ ਹੋਂ ਤਾਂ ਤੁਰੰਤ ਸਾਨੂੰ ਦੱਸੋ, ਤਾਂ ਜੋ ਤੁਸੀਂ ਹੋਰ ਕਰਜ਼ੇ ਵਿੱਚ ਫਸਣ ਤੋਂ ਬਚ ਸਕੋ। ਤਦ ਅਸੀਂ ਤੁਹਾਡੇ ਨਾਲ ਇੱਕ ਵਾਜਬ ਤੇ ਯੋਗ ਭੁਗਤਾਨ ਯੋਜਨਾ ’ਤੇ ਸਹਿਮਤੀ ਕਰਾਂਗੇ।

27. ਅਸੀਂ ਇੱਕ ਮੁਫ਼ਤ ‘ਮਨੀ ਐਡਵਾਈਸ’ ਸੇਵਾ ਦੀ ਪੇਸ਼ਕਸ਼ ਕਰਾਂਗੇ ਕਿ ਜਿਸ ਨਾਲ ਘਰਾਂ ਦੇ ਬਿੱਲ ਜਾਂ ਕਰਜ਼ੇ ਅਦਾ ਕਰਨ ਵਿੱਚ ਮਦਦ ਮਿਲ ਸਕੇ ਤੇ ਬੈਨੇਫ਼ਿਟਸ ਤੱਕ ਪਹੁੰਚ ਹੋ ਸਕੇ।

28. ਅਸੀਂ ਉਨ੍ਹਾਂ ਦੀ ਸ਼ਨਾਖ਼ਤ ਕਰਾਂਗੇ ਜਿਹੜੇ ਖ਼ਤਰੇ ’ਚ ਹਨ ਤੇ ਅਸੀਂ ਉਨ੍ਹਾਂ ਸਾਡੀ ‘ਟੇਨੈਂਸੀ ਸਪੋਰਟ’ ਟੀਮ ਜਾਂ ਹੋਰ ਏਜੰਸੀਆਂ ਰਾਹੀਂ ਚੱਲ ਰਹੀ ਮਦਦ ਦੀ ਪੇਸ਼ਕਸ਼ ਕਰਾਂਗੇ।

## ਕੀ ਤੁਸੀਂ ਅੱਗੇ ਚੱਲ ਰਹੇ ਹੋ?

ਤੁਹਾਡੇ ’ਚੋਂ ਬਹੁਤਿਆਂ ਨੂੰ ਅੱਗੇ ਵਧਣ ਦੇ ਫ਼ਾਇਦਿਆਂ ਬਾਰੇ ਪਤਾ ਲੱਗ ਚੁੱਕਾ ਹੈ ਅਤੇ ਤੁਸੀਂ ਕਿਰਾਇਆ ਅਗਾਊਂ (ਐਡਵਾਂਸ) ਦੇ ਰਹੇ ਹੋ ਅਤੇ ਇੱਕ ਅਜਿਹੀ ਬਿਹਤਰ ਸਥਿਤੀ ਵਿੱਚ ਹੋ ਕਿ ਤੁਹਾਡੇ ਹਾਲਾਤ ਬਦਲ ਸਕਣ। ਜੇ ਤੁਹਾਡੀ ਨੌਕਰੀ ਖੁੱਸਣ ਜਾਂ ਬੀਮਾਰ ਹੋਣ ਜਿਹਾ ਕੁਝ ਵਾਪਰਦਾ ਹੈ, ਤਾਂ ਤੁਹਾਨੂੰ ‘ਯੂਨੀਵਰਸਲ ਕ੍ਰੈਡਿਟ’ ਦੀ ਜ਼ਰੂਰਤ ਹੋ ਸਕਦੀ ਹੈ। ਇਹ ਲਾਭ ਮਿਲਣ ਵਿੱਚ ਛੇ ਕੁ ਹਫ਼ਤੇ ਲੱਗ ਸਕਦੇ ਹਨ।

**7/10 ਵਿਅਕਤੀ ਹੁਣ ਅੱਗੇ ਹਨ।**

ਤੁਸੀਂ ਹਰ ਹਫ਼ਤੇ ਥੋੜ੍ਹਾ ਜਿਹਾ ਵੱਧ ਅਦਾ ਕਰ ਕੇ ਅੱਗੇ ਰਹਿ ਸਕਦੇ ਹੋ; ਛੇਤੀ ਹੀ ਇਹ ਅੱਗੇ ਜੁੜ ਜਾਂਦਾ ਹੈ ਤੇ ਤੁਹਾਨੂੰ ਮਾਨਸਿਕ ਤਸੱਲੀ ਰਹੇਗੀ ਕਿ ਤੁਹਾਡਾ ਕਿਰਾਏਦਾਰੀ ਸੁਰੱਖਿਅਤ ਹੈ। ਜੇ ਤੁਸੀਂ ਅੱਗੇ ਰਹਿਣਾ ਚਾਹੁੰਦੇ ਹੋ, ਤਾਂ ਆਪਣੇ ਹਾਊਸਿੰਗ ਐਗਜ਼ੀਕਿਊਟਿਵ ਨਾਲ ਸੰਪਰਕ ਕਰੋ।

ਜੇ ਅੱਗੇ ਵਧਣਾ ਮੁਮਕਿਨ ਨਹੀਂ ਹੈ, ਤਾਂ ਬੱਚਤ ਕਰਨ ਬਾਰੇ ਸੋਚੋ ਤਾਂ ਜੋ ਅਣਕਿਆਸੀਆਂ ਘਟਨਾਵਾਂ ਜਾਂ ਵੱਡੀਆਂ ਖ਼ਰੀਦਦਾਰੀਆਂ ਜਿਵੇਂ ਕਾਰ ਬੀਮਾ ਜਾਂ ਫ਼ਰਨੀਚਰ ਆਦਿ ਲਈ ਕੁਝ ਧਨ ਰਾਖਵਾਂ ਪਿਆ ਰਹੇ।

**‘ਮਾਰਕਿਟ ਡ੍ਰੇਅਟਨ’ ਦੇ ਜੌਰਡਨ ਰੌਜਰਸਨ ਅੱਗੇ ਚੱਲ ਰਹੇ ਹਨ ਤੇ ਉਹ ਆਖਦੇ ਹਨ;**

*"ਐਡਵਾਂਸ ਅਦਾਇਗੀ ਕਰ ਕੇ ਮਨ ਨੂੰ ਬਹੁਤ ਸ਼ਾਂਤੀ ਹੈ। ਜੇ ਕੁਝ ਵੀ ਵਾਪਰਦਾ ਹੈ ਤਾਂ ਮੈਨੂੰ ਪਤਾ ਹੈ ਕਿ ਮੇਰਾ ਕਿਰਾਇਆ ਤਾਂ ਸੁਰੱਖਿਅਤ ਹੈ।"*

**ਮੈਡਲੇ ਦੇ ਕੇਵਿਨ ਫ਼ੋਰਡ ਨੇ ਹਮੇਸ਼ਾ ਬੱਚਤ ਕੀਤੀ ਹੈ ਤੇ ਜਦੋਂ ਵੀ ਕਦੇ ਹਾਲਾਤ ਬਦਲੇ ਤਾਂ ਉਹ ਆਪਣੇ ਕੋਲ ਪਹਿਲਾਂ ਤੋਂ ਪਏ ਧਨ ਲਈ ਸ਼ੁਕਰਗੁਜ਼ਾਰ ਹੁੰਦੇ ਸਨ।**

*ਮੈਂ ਜਦੋਂ ਵੀ ਕਦੇ 'ਯੂਨੀਵਰਸਲ ਕ੍ਰੈਡਿਟ' ਲਈ ਅਰਜ਼ੀ ਦੇਣੀ ਹੁੰਦੀ ਸੀ, ਤਾਂ ਮੇਰੀ ਬੱਚਤ ਹੀ ਸੱਚਮੁਚ ਮਦਦ ਕਰਦੀ ਸੀ। ਕੁਝ ਧਨ ਰਾਖਵਾਂ ਰੱਖ ਦੇਣ ਦਾ ਮਤਲਬ ਹੈ ਕਿ ਮੈਂ ਜੀਵਨ 'ਚ ਅਣਕਿਆਸੀਆਂ ਘਟਨਾਵਾਂ ਦਾ ਟਾਕਰਾ ਕਰਨ ਲਈ ਤਿਆਰ ਹਾਂ।"*

**ਨਵਾਂ ਸਾਲ ਤੁਹਾਡੇ ਲਈ ਵਿੱਤੀ ਤੌਰ 'ਤੇ ਖੁਸ਼ੀਆਂ ਲਿਆਵੇ!**

**ਇੱਥੇ ਕੁਝ ਨੁਕਤੇ ਹਨ ਜੋ ਬੱਚਤ ਕਰਨੀ ਸ਼ੁਰੂ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਅਤੇ 2020 ਵਿੱਚ ਤਿਆਰ ਰਹੋ...**

- ਬੱਚਤ ਨੂੰ ਇੱਕ ਆਦਤ ਬਣਾਓ। ਇਸ ਗੱਲ ਦੀ ਉਡੀਕ ਨਾ ਕਰੋ ਕਿ ਵੇਖੋ ਅੰਤ ਵਿੱਚ ਕੀ ਬੱਚਦਾ ਹੈ, ਸਗੋਂ ਬੱਚਤਾਂ ਨੂੰ ਮਹੀਨੇ ਦੇ ਸ਼ੁਰੂ ਵਿੱਚ ਹੀ ਟ੍ਰਾਂਸਫ਼ਰ ਕਰ ਦੇਵੋ।

- ਛੋਟੀਆਂ ਰਕਮਾਂ ਛੇਤੀ ਜੁੜ ਜਾਂਦੀਆਂ ਹਨ। ਕੋਸ਼ਿਸ਼ ਕਰੋ ਕਿ ਹਰ ਹਫ਼ਤੇ ਇੱਕ ਕੌਫ਼ੀ ਦੀ ਲਾਗਤ ਜਿੰਨੀ ਰਕਮ ਤਾਂ ਬਚਾ ਸਕੋ।

- ਬੱਚਤਾਂ ਲਈ ਮੁਫ਼ਤ ਐਪਸ ਜਿਵੇਂ ਪਲਮ, ਚਿਪ ਅਤੇ ਕਲੀਓ ਦੀ ਵਰਤੋਂ ਕਰਨ ਦਾ ਜਤਨ ਕਰੋ। ਇੰਝ ਤੁਹਾਨੂੰ ਹਰ ਵਾਰ ਕੁਝ ਪੈਨੀਜ਼ ਬਚਾਉਣ ਵਿੱਚ ਮਦਦ ਮਿਲ ਸਕੇਗੀ।

- ਸਰਕਾਰ ਦੀ 'ਹੈਲਪ ਟੂ ਸੇਵ ਸਕੀਮ' ਚੈੱਕ ਕਰੋ – ਜੇ ਤੁਹਾਡੀ ਆਮਦਨ ਘੱਟ ਹੈ ਤਾਂ ਉਹ ਬੋਨਸ ਜੋੜਦੇ ਹਨ। ਇਸ ਲਈ **Tax.service.gov.uk/help-to-save** 'ਤੇ ਜਾਓ।
- ਕ੍ਰੈਡਿਟ ਯੂਨੀਅਨਜ਼ ਮੁਨਾਫ਼ਾ ਕਮਾਉਣ ਲਈ ਨਹੀਂ ਹੁੰਦੀਆਂ ਅਤੇ ਉਨ੍ਹਾਂ ਦੀ ਮਾਲਕੀ ਤੇ ਕੰਟਰੋਲ ਉਨ੍ਹਾਂ ਦੇ ਮੈਂਬਰਾਂ ਕੋਲ ਹੀ ਹੁੰਦਾ ਹੈ। ਉਹ ਜ਼ਰੂਰਤ ਪੈਣ 'ਤੇ ਤੁਹਾਨੂੰ ਬੱਚਤ ਕਰਨ ਜਾਂ ਉਧਾਰ ਦੇਣ ਵਿੱਚ ਮਦਦ ਕਰ ਸਕਦੇ ਹਨ। ਇਸ ਲਈ **www.findyourcreditunion.co.uk** 'ਤੇ ਜਾਓ।

- ਚੇਤੇ ਰੱਖੋ ਕਿ ਡਾਇਰੈਕਟ ਡੇਬਿਟਸ ਦੇਰੀ ਨਾਲ ਜਾਣਗੇ ਜੇ ਉਸ ਦਿਨ ਕੋਈ ਛੁੱਟੀ ਹੈ।
- ਸਮੇਂ ਸਿਰ ਕਿਰਾਏ ਦਾ ਭੁਗਤਾਨ ਕਰ ਦੇਣ ਨਾਲ ਤੁਹਾਡੀ ਕ੍ਰੈਡਿਟ ਰੇਟਿੰਗ 'ਚ ਸੁਧਾਰ ਲਿਆਉਣ ਵਿੱਚ ਮਦਦ ਮਿਲ ਸਕਦੀ ਹੈ।

**'ਜਸਟ ਕ੍ਰੈਡਿਟ ਯੂਨੀਅਨ' ਅਜਿਹੇ ਲੋਕਾਂ ਨੂੰ ਇੱਕ ਆਈ–ਪੈਡ ਜਿੱਤਣ ਦੀ ਇਹ ਪੇਸ਼ਕਸ਼ ਦੇ ਰਹੀ ਹੈ ਜਿਹੜੇ ਕ੍ਰਿਸਮਸ ਤੋਂ ਪਹਿਲਾਂ ਇੱਕ ਬੱਚਤ–ਖਾਤਾ ਖੋਲ੍ਹਦੇ ਹਨ! ਹੋਰ ਜਾਣਕਾਰੀ ਲਈ ਉਨ੍ਹਾਂ ਦਾ ਫ਼ੇਸਬੁੱਕ ਪੰਨਾ ਚੈੱਕ ਕਰੋ।**

**ਆਪਣੇ ਬਿੱਲ ਬਿਨਾ ਕਿਸੇ ਝੰਜਟ ਤੋਂ ਅਦਾ ਕਰਨ ਲਈ 'ਡਾਇਰੈਕਟ ਡੇਬਿਟ' ਨੂੰ ਸਵਿੱਚ ਕਰਨਾ ਨਾ ਭੁੱਲੋ। ਹੋਰ ਜਾਣਕਾਰੀ ਲਈ ਆਪਣੇ ਹਾਊਸਿੰਗ ਐਗਜ਼ੀਕਿਊਟਿਵ ਦੇ ਸੰਪਰਕ 'ਚ ਰਹੋ!**

## ਕਰਜ਼ਾ–ਮੁਕਤ ਕ੍ਰਿਸਮਸ

**ਲਗਭਗ 7.9 ਮਿਲੀਅਨ (79 ਲੱਖ) ਲੋਕਾਂ ਨੇ ਇਹ ਮੰਨਿਆ ਕਿ ਉਨ੍ਹਾਂ ਦੇ ਕ੍ਰਿਸਮਸ ਤੱਕ ਪੁੱਜਦਿਆਂ ਧਨ ਖ਼ਤਮ ਹੋ ਜਾਣ ਦੀ ਸੰਭਾਵਨਾ ਹੈ। ਸਾਡੇ ਨਵੇਂ ਡੈੱਟ ਸਲਾਹਕਾਰ ਡੈਨ ਬੈਬਿੰਗਟਨ ਦੇ ਕਰਜ਼ਾ–ਮੁਕਤ ਕ੍ਰਿਸਮਸ ਲਈ 12 ਵਿਚਾਰ ਹਨ!**

1. ਘਰ **'ਚ ਪਿਆ ਗ਼ੈਰ–ਜ਼ਰੂਰੀ ਸਾਮਾਨ ਵੇਚ ਦੇਵੋ। ਅਜਿਹੀਆਂ ਚੀਜ਼ਾਂ ਵੇਚਣ ਲਈ ਇਹ ਬਹੁਤ ਵਧੀਆ ਸਮਾਂ ਹੈ ਕਿਉਂਕਿ ਲੋਕ ਸਸਤੇ ਖਿਡੌਣੇ, ਕਿਤਾਬਾਂ ਤੇ ਕੱਪੜੇ ਚਾਹ ਰਹੇ ਹੋਣਗੇ। ਈ–ਬੇਅ ਜਾਂ ਵਿਕਰੀ ਲਈ ਕੋਈ ਸਥਾਨਕ ਪੇਜ ਵਰਤਣ ਦੀ ਕੋਸ਼ਿਸ਼ ਕਰੋ।**

2. ਗਿਫ਼ਟ ਕਾਰਡ ਦੇਵੋ। ਉਹ ਤੁਹਾਨੂੰ ਬਜਟ ਵਿੱਚ ਰਹਿਣ **'ਚ ਮਦਦ ਕਰ ਸਕਦੇ ਹਨ ਅਤੇ ਤੁਹਾਨੂੰ ਗਿਫ਼ਟ ਰੈਪਿੰਗ ਉੱਤੇ ਖ਼ਰਚਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।**

3. ਜੇ ਵੱਡੇ ਬੱਚੇ ਕੋਈ ਨਵਾਂ ਗੈਜੇਟ ਜਾਂ ਡਿਜ਼ਾਇਨ ਗੀਅਰ ਚਾਹੁੰਦੇ ਹਨ, ਤਾਂ ਇੱਕ ਸਾਂਝਾ ਤੋਹਫ਼ਾ ਦੇਣ ਬਾਰੇ ਵਿਚਾਰ ਕਰੋ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਉਹ ਖ਼ਰਚਾ ਸਾਂਝਾ ਕਰੋ।

4. ਬਾਗ਼ਬਾਨੀ, ਪੇਂਟਿੰਗ ਜਾਂ ਬੇਬੀਸਿਟਿੰਗ ਜਿਵੇਂ ਮੁਫ਼ਤ ਕ੍ਰਿਸਮਸ ਤੋਹਫ਼ੇ ਦੇਣ ਲਈ ਆਪਣੇ ਹੁਨਰ ਵਰਤੋ। ਜੇ ਤੁਹਾਨੂੰ ਬੇਕਿੰਗ ਪਸੰਦ ਹੈ, ਘਰ **'ਚ ਬਣੇ ਖਾਣੇ ਰਿਬਨ ਨਾਲ ਲਪੇਟੇ ਹੋਣ ਤਾਂ ਬਹੁਤ ਅਦਭੁਤ ਲੱਗਦੇ ਹਨ।**

5. ਤੁਹਾਡੇ ਵੱਲੋਂ ਖ਼ਰੀਦੇ ਜਾਣ ਵਾਲੇ ਤੋਹਫ਼ਿਆਂ ਦੀ ਰਕਮ ਵਿੱਚ ਕਟੌਤੀ ਕਰੋ। ਤੁਸੀਂ ਦੋਸਤਾਂ ਤੇ ਪਰਿਵਾਰ ਨਾਲ ਇਹ ਸਹਿਮਤੀ ਕਾਇਮ ਕਰ ਸਕਦੇ ਹੋ ਕਿ ਤੁਸੀਂ ਸਿਰਫ਼ ਬੱਚਿਆਂ ਲਈ ਤੋਹਫ਼ੇ ਖ਼ਰੀਦੋਗੇ।

6. ਚਾਰ ਮੌਜੂਦਾ ਨਿਯਮ ਵਰਤੋ। ਆਪਣੇ ਬੱਚੇ ਨੂੰ ਅਜਿਹੀ ਕੋਈ ਚੀਜ਼ ਖ਼ਰੀਦ ਕੇ ਦੇਵੋ ਜਿਹੜੀ ਉਹ ਚਾਹੁੰਦੇ ਹੋਣ, ਜਿਸ ਚੀਜ਼ ਦੀ ਉਨ੍ਹਾਂ ਨੂੰ ਜ਼ਰੂਰਤ ਹੋਵੇ, ਕੁਝ ਪਹਿਨਣ ਲਈ ਅਤੇ ਕੁਝ ਪੜ੍ਹਨ ਲਈ। ਜੇ ਤੁਹਾਡੇ ਕਈ ਬੱਚੇ ਹਨ, ਤਾਂ ਇਹ ਇੱਕ ਬਹੁਤ ਮਹਾਨ ਨਿਯਮ ਹੈ।

7. ਜੇ ਤੁਸੀਂ ਇਸ ਕ੍ਰਿਸਮਸ ਮੌਕੇ ਮੇਜ਼ਬਾਨੀ ਕਰ ਰਹੇ ਹੋ ਤਾਂ 'ਸੀਕ੍ਰੇਟ ਸੈਂਟਾ' ਕਰੋ, ਇਸ ਤਰੀਕੇ ਹਰ ਕੋਈ ਬਚਾ ਸਕਦਾ ਹੈ।

8. ਕ੍ਰਿਸਮਸ ਦਾ ਖਾਣਾ ਸਿਰਫ਼ ਇੱਕ ਭੁੰਨਿਆ ਡਿਨਰ ਹੈ। ਭੋਜਨ ਜਾਂ ਡ੍ਰਿੰਕਸ ਖ਼ਰੀਦਦੇ ਸਮੇਂ ਫ਼ਿਜ਼ੂਲ-ਖ਼ਰਚੀ ਨਾ ਕਰੋ – ਇੰਝ ਤੁਹਾਨੂੰ ਆਮ ਤੌਰ **'ਤੇ ਮਜ਼ਾ ਨਹੀਂ ਆਵੇਗਾ। ਆਖ਼ਰ ਇਹ ਸਿਰਫ਼ ਇੱਕੋ ਦਿਨ ਤਾਂ ਹੈ!**

9. ਇਕੱਠੇ ਬਹਿ ਕੇ ਪੁਰਾਣੀਆਂ ਬੋਰਡ ਗੇਮਾਂ ਖੇਡਣ ਦਾ ਕੋਈ ਰਾਹ ਲੱਭੋ, ਕੋਈ ਪੁਰਾਣੀ ਜਗ੍ਹਾ ਵੇਖਣ ਲਈ ਜਾਓ ਜਾਂ ਕੈਰੋਲ-ਗੀਤ ਗਾਉਣ ਨਾਲ ਵਿਹਲਾ ਸਮਾਂ ਬਹੁਤ ਵਧੀਆ ਤਰੀਕੇ ਨਾਲ ਬੀਤ ਜਾਂਦਾ ਹੈ।

10. ਨਿੱਕੇ ਬੱਚੇ ਉੱਤੇ ਧਨ ਨਾ ਉਡਾਓ! ਨਿੱਕੇ ਬੱਚਿਆਂ ਨੂੰ ਤੋਹਫ਼ੇ ਦੇਣ ਦੇ ਮਹੱਤਵ ਬਾਰੇ ਕੋਈ ਸਮਝ ਨਹੀਂ ਹੁੰਦੀ। ਜੇ ਤੁਸੀਂ ਨਕਦ ਪੈਸੇ ਲਈ ਸੰਘਰਸ਼ ਕਰ ਰਹੇ ਹੋ, ਨਿੱਕੇ ਬੱਚਿਆਂ ਲਈ ਮਹਿੰਗੇ ਤੋਹਫ਼ੇ ਖ਼ਰੀਦਣ ਦੀ ਥਾਂ ਵੱਡੇ ਬੱਚਿਆਂ ਉੱਤੇ ਧਿਆਨ ਕੇਂਦ੍ਰਿਤ ਕਰੋ ਕਿਉਂਕਿ ਅਜਿਹਾ ਤੋਹਫ਼ਾ ਅਣਵਰਤਿਆ ਵੀ ਰਹਿ ਸਕਦਾ ਹੈ!

11. ਨਵੀਆਂ ਕ੍ਰਿਸਮਸ ਸਜਾਵਟਾਂ ਖ਼ਰੀਦਣ ਦੀ ਥਾਂ ਆਪਣੇ ਦੋਸਤਾਂ ਨਾਲ ਇਕੱਠੇ ਹੋਵ, ਤਿਉਹਾਰ ਮੌਕੇ ਕੋਈ ਨਵਾਂ ਸੰਗੀਤ ਤਿਆਰ ਕਰੋ!

12. ਅਗਲੇ ਸਾਲ ਲਈ ਬੱਚਤ ਕਰੋ। ਆਪਣ ਟੁੱਟੇ ਪੈਸੇ ਕਿਸੇ ਜਾਰ ਵਿੱਚ ਇਕੱਠੇ ਕਰਦੇ ਰਹੋ। ਫਿਰ ਕ੍ਰਿਸਮਸ ਤੋਂ ਠੀਕ ਪਹਿਲਾਂ ਉਹ ਸਾਰੇ ਇਕੱਠੇ ਕਰੋ ਤੇ ਆਪਣੇ ਕ੍ਰਿਸਮਸ ਦੇ ਬਜਟ **'ਚ ਉਸ ਦੀ ਵਰਤੋਂ ਕਰੋ।**

ਫ਼ੇਸਬੁੱਕ **'ਤੇ ਅਜਿਹੇ ਹੋਰ ਵਿਚਾਰਾਂ ਲਈ ਸਾਡੀਆਂ ਵਿਡੀਓਜ਼ ਵੇਖੋ।**
ਡੈਨ (Dan) ਵੱਲੋਂ ਕਰਜ਼ੇ ਲਈ ਮੁਫ਼ਤ, ਗੁਪਤ, ਨਿਰਪੱਖ ਅਤੇ ਨਾੱਨ-ਜਜਮੈਂਟਲ ਸਲਾਹ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਤੁਸੀਂ ਡੈਨ ਨੂੰ **DebtAdvice@wrekinhousinggroup.org.uk** ਜਾਂ **01952 217251 'ਤੇ ਸੰਪਰਕ ਕਰ ਸਕਦੇ ਹੋ ਜਾਂ ਸਾਡੀ ਕਰਜ਼ਾ ਸਲਾਹ-ਸੇਵਾ ਬਾਰੇ ਹੋਰ ਜਾਣਕਾਰੀ ਲਈ ਆਪਣੇ ਹਾਊਸਿੰਗ ਐਗਜ਼ੀਕਿਊਟਿਵ ਤੋਂ ਪੁੱਛੋ।**

## ਕਲੀਨ ਕੱਟ ਨੇ ਸ਼ੁਰੂ ਕੀਤੀਆਂ ਹਾਈਲੀ ਅਲਾਟਮੈਂਟਸ

**ਕਲੀਨ ਕੱਟ ਦੀ ਟੀਮ ਨੇ ਬ੍ਰਿਜਨੌਰਥ ਨੇੜੇ ਹਾਈਲੀ ਵਿਖੇ ਲੋਕਾਂ ਦੀ ਵਰਤੋਂ ਲਈ ਪੁਰਾਣੇ ਝਾੜਾਂ ਵਾਲੀਆਂ ਅਲਾਟਮੈਂਟਸ ਪੁਨਰ–ਸੁਰਜੀਤ ਕੀਤੀਆਂ ਹਨ।**

ਹਾਈਲੀ ਪੈਰਿਸ਼ ਕੌਂਸਲ ਦੀ ਭਾਈਵਾਲੀ ਨਾਲ ਕੰਮ ਕਰਦਿਆਂ ਇਸ ਗਰੁੱਪ ਨੇ ਹੁਣ ਹਿਚੇਨਜ਼ ਵੇਅ ਵਿੱਚ ਆਪਣੀਆਂ ਅਲਾਟਮੈਂਟਸ ਸ਼ੁਰੂ ਕੀਤੀਆਂ ਹਨ ਜਿਨ੍ਹਾਂ ਦੀ ਵਰਤੋਂ ਸਾਡੇ ਕਿਰਾਏਦਾਰਾਂ ਸਮੇਤ ਸਥਾਨਕ ਲੋਕਾਂ ਵੱਲੋਂ ਕੀਤੀ ਜਾਵੇਗੀ। ਜਦੋਂ 'ਕਲੀਨ ਕੱਟ' ਦੀ ਟੀਮ ਪਹਿਲੀ ਵਾਰ ਇਸ ਸਥਾਨ '**ਤੇ ਪੁੱਜੀ ਸੀ; ਤਦ ਇੱਥੇ ਜੰਗਲੀ ਝਾੜ ਉੱਗੇ ਹੋਏ ਸਨ ਤੇ ਜਿਨ੍ਹਾਂ ਦੀ ਕੋਈ ਵਰਤੋਂ ਨਹੀਂ ਕਰਦਾ ਸੀ।**

**ਮਾਈਕ ਬੋਲਟਨ – ਕਲੀਨ ਕੱਟ ਦੇ ਬਿਜ਼ਨੇਸ ਡਿਵੈਲਪਮੈਂਟ ਮੈਨੇਜਰ ਨੇ ਕਿਹਾ;**

*ਇਹ ਆਖਣਾ ਨਿਆਂ–ਸੰਗਤ ਹੈ ਕਿ ਇਹ ਕੋਈ ਆਮ ਘਾਹ ਕੱਟਣ ਵਾਲਾ ਕੰਮ ਨਹੀਂ ਸੀ। ਇਸ ਪੂਰੀ ਥਾਂ 'ਤੇ ਝਾੜੀਆਂ ਬਹੁਤ ਉੱਚੀਆਂ 6 ਫ਼ੁੱਟ ਤੱਕ ਪੁੱਜੀਆਂ ਹੋਈਆਂ ਸਨ। ਇਹ ਬਹੁਤ ਔਖਾ ਕੰਮ ਸੀ ਪਰ ਉਦਯੋਗਿਕ ਮਾਓਰਜ਼ ਦੀ ਮਦਦ ਨਾਲ ਅਸੀਂ ਇਹ ਕੰਮ ਨੇਪਰੇ ਚਾੜ੍ਹਿਆ।"*

ਹੁਣ ਉਹ ਅਲਾਟਮੈਂਟਸ ਵਰਤੋਂ ਲਈ ਤਿਆਰ ਹਨ। ਕਲੀਨ ਕੱਟ ਵੱਲੋਂ ਉਨ੍ਹਾਂ ਅਲਾਟਮੈਂਟਸ ਦੇ ਰਸਤਿਆਂ ਤੇ ਪੈਰੀਮੀਟਰਾਂ ਦਾ ਰੱਖ–ਰਖਾਅ ਜਾਰੀ ਰੱਖਿਆ ਜਾਵੇਗਾ।

**ਸਮਾਪਤ**